# ਗਾਹਕ ਦੀ ਕਹਾਣੀ:

ਆਪਣੇ ਪੂਰੇ ਜੀਵਨ ਦੌਰਾਨ ਸਵੈ-ਨਿਰਭਰ ਰਹਿਣ ਵਾਲੀ, 90 ਸਾਲਾਂ ਦੀ Ada ਆਪਣੇ ਭਾਈਚਾਰੇ ਵਿੱਚ ਇੱਕ ਕੀਮਤੀ ਯੋਗਦਾਨ ਪਾਉਣ ਵਾਲੀ ਮੈਂਬਰ ਹੈ।

ਇੱਕ ਵਾਰ ਹਸਪਤਾਲ ਵਿੱਚ ਦਾਖਲ ਹੋਣ ਤੋਂ ਬਾਅਦ, Ada ਨੂੰ ਨਹਾਉਣ, ਖਾਣੇ ਅਤੇ ਆਉਣ-ਜਾਣ ਲਈ ਵਧੀਕ ਸਹਾਇਤਾ ਦੀ ਲੋੜ ਪੈਂਦੀ ਹੈ।

ਵਾਧੂ ਖ਼ਰਚਿਆਂ ਨੂੰ ਝੱਲਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੀ ਅਤੇ ਮੱਦਦ ਲਈ ਕਿੱਥੇ ਜਾਣਾ ਹੈ, ਇਸ ਗੱਲ ਤੋਂ ਅਣਜਾਣ ਹੋਣ ਕਾਰਨ, Ada ਆਪਣੇ ਹਾਲਾਤਾਂ ਬਾਰੇ ਘਬਰਾਈ ਹੋਈ, ਇਕੱਲੀ ਅਤੇ ਭਵਿੱਖ ਨੂੰ ਲੈ ਕੇ ਚਿੰਤਤ ਮਹਿਸੂਸ ਕਰ ਰਹੀ ਸੀ।

Care Finder ਨੂੰ ਰੈਫ਼ਰਲ ਮਿਲਣ ਤੋਂ ਬਾਅਦ, ਟੀਮ ਦਾ ਇੱਕ ਮੈਂਬਰ Ada ਨੂੰ ਉਸਦੇ ਘਰ ਜਾ ਕੇ ਮਿਲਿਆ, ਅਤੇ ਇਕੱਠੇ ਮਿਲ ਕੇ ਉਹਨਾਂ ਨੇ ਇੱਕ ਯੋਜਨਾ ਬਣਾਈ।

Care Finder ਦੀ ਮੱਦਦ ਨਾਲ, Ada ਦੀਆਂ ਬਿਰਧ ਦੇਖਭਾਲ ਸੇਵਾਵਾਂ ਨੂੰ ਮੁੜ-ਤਰਜੀਹਬੱਧ ਕੀਤਾ ਗਿਆ ਅਤੇ ਹੋਰ ਸਹਾਇਤਾ ਪ੍ਰਦਾਨ ਕਰਨ ਲਈ ਹੋਮ ਕੇਅਰ ਪੈਕੇਜ ਬਣਾ ਕੇ ਦਿੱਤਾ ਗਿਆ। Ada ਨੂੰ ਆਪਣੀ ਪਸੰਦ ਦਾ ਸੇਵਾ ਪ੍ਰਦਾਤਾ ਚੁਣਨ ਦਾ ਮੌਕਾ ਮਿਲਿਆ, ਜਿਸ ਨਾਲ ਉਹ ਸਹਿਜ ਮਹਿਸੂਸ ਕਰਦੀ ਹੈ। Ada ਨੂੰ ਹੁਣ ਜ਼ਰੂਰੀ ਸਹਾਇਤਾ ਮਿਲ ਰਹੀ ਹੈ ਅਤੇ ਉਹ ਆਪਣੇ ਘਰ ਵਿੱਚ ਆਤਮ-ਵਿਸ਼ਵਾਸ ਯੁਕਤ ਅਤੇ ਸਮਰੱਥ ਮਹਿਸੂਸ ਕਰ ਰਹੀ ਹੈ।



## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੈਂ (ਜਾਂ ਕੋਈ ਵਿਅਕਤੀ ਜਿਸਨੂੰ ਮੈਂ ਜਾਣਦਾ/ਦੀ ਹਾਂ), ਉਹ Care Finder ਸਹਾਇਤਾ ਲਈ ਯੋਗ ਹੈ?

## Care Finder ਚੈੱਕਲਿਸਟ:

**ਕੀ ਤੁਸੀਂ ਇਹਨਾਂ ਤਿੰਨ ਸਵਾਲਾਂ ਦਾ ਜਵਾਬ YES [ਹਾਂ] ਵਿੱਚ ਦੇ ਸਕਦੇ ਹੋ:**

1. **ਕੀ ਤੁਹਾਡੀ ਉਮਰ 65 ਸਾਲ ਜਾਂ ਵੱਧ ਹੈ?***
2. **ਕੀ ਤੁਹਾਨੂੰ ਰੋਜ਼ਾਨਾ ਦੇ ਇੱਕ ਜਾਂ ਇੱਕ ਤੋਂ ਵੱਧ ਕੰਮ ਕਰਨ ਲਈ ਮੱਦਦ ਦੀ ਲੋੜ ਹੈ - ਜਿਵੇਂ ਕਿ ਨਹਾਉਣਾ, ਖ਼ਰੀਦਦਾਰੀ ਕਰਨਾ, ਖਾਣਾ ਬਣਾਉਣਾ?**
3. **ਕੀ ਤੁਹਾਡੇ ਕੋਲ ਬਿਰਧ ਦੇਖਭਾਲ ਪ੍ਰਣਾਲੀ ਨੂੰ ਸਮਝਣ ਅਤੇ ਸਹਾਇਤਾ ਲੈਣ ਵਿੱਚ ਤੁਹਾਡੀ ਮੱਦਦ ਕਰਨ ਲਈ ਕੋਈ ਭਰੋਸੇਯੋਗ ਵਿਅਕਤੀ (ਪਰਿਵਾਰ ਜਾਂ ਦੋਸਤ) ਨਹੀਂ ਹੈ ਅਤੇ ਤੁਸੀਂ ਇਸ ਨੂੰ ਆਪਣੇ ਆਪ ਕਰਨ ਵਿੱਚ ਅਸਮਰੱਥ ਹੋ?**

* 50 ਸਾਲ ਤੋਂ ਵੱਧ ਉਮਰ ਦੇ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ (ATSI) ਲੋਕ ਅਤੇ/ਜਾਂ ਘੱਟ ਆਮਦਨ ਵਾਲੇ ਲੋਕ, ਜੋ ਬੇਘਰ ਹੋਣ ਦੇ ਖ਼ਤਰੇ ਵਿੱਚ ਹਨ। 45 ਸਾਲ ਤੋਂ ਵੱਧ ਉਮਰ ਦੇ ATSI ਅਤੇ ਘੱਟ ਆਮਦਨੀ ਅਤੇ ਬੇਘਰ ਹੋਣ ਦੇ ਖ਼ਤਰੇ ਵਾਲੇ ਲੋਕ ਹੋ।


**ਜੇਕਰ ਤੁਸੀਂ ਤਿੰਨੋਂ ਸਵਾਲਾਂ ਦਾ ਜਵਾਬ 'ਹਾਂ' ਵਿੱਚ ਦਿੱਤਾ ਹੈ, ਤਾਂ Care Finder ਪ੍ਰੋਗਰਾਮ ਤੁਹਾਡੇ ਲਈ ਹੋ ਸਕਦਾ ਹੈ।**

cotatas.org.au/programs/carefinder

ਸਾਡੀ Care Finder ਟੀਮ ਸੁਰੱਖਿਅਤ ਅਤੇ ਸ਼ਮੂਲੀਅਤ ਕਰਨ ਵਾਲੀਆਂ ਵਿਧੀਆਂ ਵਿੱਚ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਹੈ।

COTA (Council on the Ageing) Tasmania
[COTA (ਕੌਂਸਲ ਔਨ ਏਜਿੰਗ) ਤਸਮਾਨੀਆ]

# Care Finder
# [ਕੇਅਰ ਫਾਈਂਡਰ]



## ਕੀ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਵਿਅਕਤੀ ਬਿਰਧ ਦੇਖਭਾਲ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਮੁਸ਼ਕਲ ਮਹਿਸੂਸ ਕਰ ਰਹੇ ਹੋ ਅਤੇ ਤੁਹਾਡੇ ਕੋਲ ਮੱਦਦ ਕਰਨ ਲਈ ਕੋਈ ਨਹੀਂ ਹੈ?

COTA Tasmania's Care Finder ਪ੍ਰੋਗਰਾਮ ਇੱਕ ਮੁਫ਼ਤ ਅਤੇ ਦੋਸਤਾਨਾ ਭਾਈਚਾਰਕ ਸੇਵਾ ਹੈ। ਅਸੀਂ ਉਹਨਾਂ ਲਈ ਏਜਡ ਕੇਅਰ ਪ੍ਰਣਾਲੀ ਦੁਆਰਾ ਮਾਰਗਦਰਸ਼ਨ ਪ੍ਰਦਾਨ ਕਰਦੇ ਹਾਂ, ਜੋ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਜਿਨ੍ਹਾਂ ਲਈ ਇਸ ਪ੍ਰਣਾਲੀ ਨੂੰ ਆਪਣੇ ਆਪ ਸਮਝਣਾ ਔਖਾ ਹੈ। ਅਸੀਂ ਏਜਡ ਕੇਅਰ ਅਤੇ ਹੋਰ ਸਹਾਇਤਾ ਸੇਵਾਵਾਂ ਤੱਕ ਪਹੁੰਚ ਕਰਨ ਲਈ ਤੁਹਾਡੇ ਨਾਲ ਮਿਲਕੇ ਕੰਮ ਕਰਨ ਲਈ ਇੱਥੇ ਮੌਜੂਦ ਹਾਂ।

# 1800 518 048

ਇਹ ਪ੍ਰੋਗਰਾਮ ਆਸਟ੍ਰੇਲੀਆਈ ਸਰਕਾਰ ਵੱਲੋਂ ਮਿਲੀ ਮਾਲੀ-ਸਹਾਇਤਾ ਦੁਆਰਾ Primary Health Tasmania [ਪ੍ਰਾਇਮਰੀ ਹੈਲਥ ਤਸਮਾਨੀਆ] (Tasmania PHN) ਰਾਹੀਂ ਸਮਰਥਿਤ ਹੈ।

## Care Finder ਕੀ-ਕੀ ਸਹਾਇਤਾ ਪ੍ਰਦਾਨ ਕਰ ਸਕਦਾ ਹੈ?

Care Finder, ਏਜਡ ਕੇਅਰ ਪ੍ਰਣਾਲੀ ਅਤੇ ਉਪਲਬਧ ਦੇਖਭਾਲ ਅਤੇ ਸਹਾਇਤਾ ਵਿਧੀਆਂ ਰਾਹੀਂ ਸਹਾਇਤਾ ਪ੍ਰਾਪਤ ਕਰਨ ਸੰਬੰਧੀ ਮੁਫ਼ਤ ਅਤੇ ਸੁਤੰਤਰ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ:

- My Aged Care ਅਤੇ ਸਿਹਤ ਪੇਸ਼ੇਵਰਾਂ ਨਾਲ ਗੱਲਬਾਤ ਕਰਕੇ।
- ਮੁਲਾਂਕਣਾਂ ਅਤੇ ਮੁੜ-ਮੁਲਾਂਕਣਾਂ ਦਾ ਪ੍ਰਬੰਧ ਕਰਕੇ ਅਤੇ ਇਨ੍ਹਾਂ ਦੌਰਾਨ ਹਾਜ਼ਰੀ ਭਰ ਕੇ।
- ਬਿਰਧ ਦੇਖਭਾਲ ਸਹੂਲਤ/ਘਰ ਜਾਂ ਸੰਬੰਧਿਤ ਸਿਹਤ ਸੇਵਾਵਾਂ ਤੱਕ ਪਹੁੰਚ ਕਰਕੇ
- ਉਪਲਬਧ ਤਰੀਕਿਆਂ ਬਾਰੇ ਪਤਾ ਲਗਾ ਕੇ ਅਤੇ ਪ੍ਰਦਾਤਾਵਾਂ ਨਾਲ ਜੁੜ ਕੇ।
- ਫਾਰਮਾਂ ਨੂੰ ਭਰਨ ਅਤੇ ਸੇਵਾ ਇਕਰਾਰਨਾਮਿਆਂ ਨੂੰ ਸਮਝਣ ਲਈ ਮਾਰਗਦਰਸ਼ਨ ਪ੍ਰਦਾਨ ਕਰਕੇ।
- ਸੇਵਾਵਾਂ ਸ਼ੁਰੂ ਹੋਣ ਅਤੇ ਚੱਲਣ ਤੋਂ ਬਾਅਦ ਉਨ੍ਹਾਂ ਦੀ ਨਿਗਰਾਨੀ ਕਰਕੇ।
- ਹੋਰ ਕਮਿਊਨਿਟੀ-ਆਧਾਰਿਤ ਸਹਾਇਤਾ ਸਾਧਨਾਂ ਨਾਲ ਜੁੜ ਕੇ।



## COTA Tasmania, Care Finder ਸੇਵਾਵਾਂ ਕਿੱਥੇ-ਕਿੱਥੇ ਪ੍ਰਦਾਨ ਕਰਦਾ ਹੈ?

COTA Tasmania's Care Finder ਪ੍ਰੋਗਰਾਮ ਪੂਰੇ ਤਸਮਾਨੀਆ ਭਰ ਵਿੱਚ ਕੰਮ ਕਰਦਾ ਹੈ, ਜਿਸ ਵਿੱਚ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰ ਸ਼ਾਮਲ ਹਨ। ਸਾਡੇ ਦਫ਼ਤਰ ਹੋਬਾਰਟ, ਲੌਂਸੈਸਟਨ, ਅਤੇ ਬਰਨੀ ਵਿੱਚ ਸਥਿਤ ਹਨ।

## ਅਕਸਰ ਪੁੱਛੇ ਜਾਣ ਵਾਲੇ ਸਵਾਲ:



### ਕੀ Care Finder ਸਹਾਇਤਾ ਮੁਫ਼ਤ ਹੈ?

ਹਾਂ, ਇਹ ਆਸਟ੍ਰੇਲੀਆਈ ਸਰਕਾਰ ਦੁਆਰਾ ਫ਼ੰਡ ਕੀਤਾ ਗਿਆ ਹੈ।

### ਕੀ ਮੈਨੂੰ Care Finder ਤੋਂ ਮੱਦਦ ਲੈਣ ਲਈ ਰੈਫ਼ਰਲ ਦੀ ਲੋੜ ਹੈ?

ਨਹੀਂ। ਕੋਈ ਵੀ COTA Tas Care Finder ਨਾਲ ਸੰਪਰਕ ਕਰ ਸਕਦਾ ਹੈ।

### ਕੀ Care Finder ਦੀਆਂ ਸੇਵਾਵਾਂ ਗੁਪਤ ਹਨ?

ਹਾਂ, ਸਾਡੀਆਂ ਸੇਵਾਵਾਂ ਗੁਪਤ ਹੁੰਦੀਆਂ ਹਨ।

### ਜੇ ਮੈਨੂੰ ਜਾਂ ਮੇਰੇ ਗਾਹਕ/ਦੋਸਤ ਨੂੰ ਅੰਗ੍ਰੇਜ਼ੀ ਬੋਲਣੀ ਨਹੀਂ ਆਉਂਦੀ, ਤਾਂ ਕੀ ਕਰਨਾ ਚਾਹੀਦਾ ਹੈ?

COTA Tasmania Care Finders ਅਨੁਵਾਦ ਅਤੇ ਦੁਭਾਸ਼ੀਆ ਸੇਵਾਵਾਂ (TIS) ਦੀ ਵਰਤੋਂ ਕਰਦੇ ਹਨ।

Interpreter



# 1800 518 048

## ਸਹਾਇਤਾ ਪ੍ਰਾਪਤ ਕਰਨਾ

### ਮੈਂ COTA Tasmania's Care Finder ਪ੍ਰੋਗਰਾਮ ਨਾਲ ਕਿਵੇਂ ਸੰਪਰਕ ਕਰ ਸਕਦਾ/ਦੀ ਹਾਂ?

### ਆਪਣੇ ਲਈ ਮੱਦਦ ਮੰਗਣਾ

ਕਿਰਪਾ ਕਰਕੇ ਸੋਮਵਾਰ ਤੋਂ ਸ਼ੁੱਕਰਵਾਰ ਦਫ਼ਤਰੀ ਸਮੇਂ ਦੌਰਾਨ **1800 518 048** 'ਤੇ ਸਾਡੀ Intake Team [ਇਨਟੇਕ ਟੀਮ] ਨਾਲ ਸੰਪਰਕ ਕਰੋ ਜਾਂ carefinder@cotatas.org.au 'ਤੇ ਸਾਨੂੰ ਈ-ਮੇਲ ਕਰੋ।

ਜੇਕਰ ਤੁਹਾਨੂੰ ਪੂਰਾ ਯਕੀਨ ਨਹੀਂ ਹੈ ਕਿ Care Finder ਪ੍ਰੋਗਰਾਮ ਤੁਹਾਡੇ ਲਈ ਸਹੀ ਹੈ ਜਾਂ ਨਹੀਂ, ਤਾਂ ਚਿੰਤਾ ਨਾ ਕਰੋ। ਜਦੋਂ ਤੁਸੀਂ ਸਾਨੂੰ ਫ਼ੋਨ ਕਰੋਗੇ, ਤਾਂ ਅਸੀਂ ਕੁੱਝ ਸਵਾਲ ਪੁੱਛਾਂਗੇ ਤਾਂ ਜੋ ਅਸੀਂ ਤੁਹਾਡੀ ਸਹਾਇਤਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਲੱਭ ਸਕੀਏ।

ਜਾਂ, ਤੁਸੀਂ ਸਾਡਾ ਪੁੱਛਗਿੱਛ ਫ਼ਾਰਮ ਭਰ ਸਕਦੇ ਹੋ:

### ਕਿਸੇ ਹੋਰ ਲਈ ਮੱਦਦ ਮੰਗਣਾ

ਜੇਕਰ ਤੁਹਾਨੂੰ ਜਾਂ ਤੁਹਾਡੇ ਕਿਸੇ ਜਾਣਕਾਰ ਨੂੰ Care Finder ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸੋਮਵਾਰ ਤੋਂ ਸ਼ੁੱਕਰਵਾਰ ਦਫ਼ਤਰੀ ਸਮੇਂ ਦੌਰਾਨ **1800 518 048** 'ਤੇ ਸਾਡੀ Intake Team ਨਾਲ ਸੰਪਰਕ ਕਰੋ।

ਜੇਕਰ ਤੁਸੀਂ ਕਿਸੇ ਹੋਰ ਦੀ ਤਰਫ਼ੋਂ ਫ਼ੋਨ ਕਰ ਰਹੇ ਹੋ, ਤਾਂ ਤੁਹਾਨੂੰ ਉਹਨਾਂ ਦੀ ਸਹਿਮਤੀ ਦੀ ਲੋੜ ਹੋਵੇਗੀ।

ਜਦੋਂ ਤੁਸੀਂ ਸਾਨੂੰ ਫ਼ੋਨ ਕਰੋਗੇ, ਤਾਂ ਅਸੀਂ ਕੁੱਝ ਸਵਾਲ ਪੁੱਛਾਂਗੇ ਤਾਂ ਜੋ ਅਸੀਂ ਸਹਾਇਤਾ ਦੀ ਪੇਸ਼ਕਸ਼ ਕਰਨ ਦਾ ਸਭ ਤੋਂ ਵਧੀਆ ਤਰੀਕਾ ਲੱਭ ਸਕੀਏ।

ਤੁਸੀਂ ਸਾਡਾ Client Referral Form [ਕਲਾਇੰਟ ਰੈਫ਼ਰਲ ਫਾਰਮ] ਵੀ ਭਰ ਸਕਦੇ ਹੋ:

ਹੋਰ ਜਾਣਕਾਰੀ ਪ੍ਰਾਪਤ ਕਰਨ ਅਤੇ ਇਹ ਸਮਝਣ ਲਈ ਕਿ ਇਹ ਪ੍ਰੋਗਰਾਮ ਕਿੰਨ੍ਹਾਂ ਲਈ ਹੈ, ਸਾਡੀ ਵੈੱਬਸਾਈਟ cotatas.org.au/programs/carefinder 'ਤੇ ਜਾਓ।